## ਆਈ ਐੱਮ. ਪੌਵਰ. ਈ ਡੀ

ਇਹ ਪ੍ਰੋਜੈਕਟ, ਕਈ ਜ਼ਬਾਨਾਂ ਵਿਚ ਵਰਕਸ਼ਾਪਾਂ, ਕਾਨੂੰਨ ਬਾਰੇ ਜਾਣਕਾਰੀ ਦੀ ਸਾਮੱਗਰੀ, ਅਕਸਰ ਪੁੱਛੇ ਜਾਂਦੇ ਸਵਾਲਾਂ ਬਾਰੇ ਤੱਥ ਸ਼ੀਟਾਂ ਅਤੇ ਘੱਟ ਹੁਨਰਾਂ ਵਾਲੇ ਕਿੱਤਿਆਂ ਵਿਚ ਕੰਮ ਕਰਦੇ ਆਰਜ਼ੀ ਬਦੇਸ਼ੀ ਵਰਕਰਾਂ ਲਈ ਅਤੇ ਇਸ ਦੇ ਨਾਲ ਨਾਲ ਆਰਜ਼ੀ ਬਦੇਸ਼ੀ ਕਾਮਿਆਂ ਨਾਲ ਕੰਮ ਕਰਦੇ ਜਾਂ ਕੰਮ ਕਰਨ ਵਿਚ ਦਿਲਚਸਪੀ ਰੱਖਦੇ ਵਰਕਰਾਂ ਲਈ ਮੀਡੀਆ ਕਵਰੇਜ ਪ੍ਰਦਾਨ ਕਰਦਾ ਹੈ ਜਿਨ੍ਹਾਂ ਵਿਚ ਫਰੰਟਲਾਈਨ ਵਰਕਰ, ਸੈਟਲਮੈਂਟ ਵਰਕਰ ਅਤੇ ਕਮਿਉਨਟੀ ਵਰਕਰ, ਵਾਲੰਟੀਅਰ ਅਤੇ ਬ੍ਰਿਟਿਸ਼ ਕੋਲੰਬੀਆ ਵਿਚਲੇ ਕਮਿਉਨਟੀ-ਆਧਾਰਿਤ ਗਰੁੱਪ ਸ਼ਾਮਲ ਹਨ।

ਫੰਡ ਇਸ ਤੋਂ ਮਿਲੇ:

THE LAW FOUNDATION OF BRITISH COLUMBIA



**ਆਈ ਐੱਮ. ਪੌਵਰ. ਈ ਡੀ**

ਬ੍ਰਿਟਿਸ਼ ਕੋਲੰਬੀਆ ਵਿਚਲੇ ਘੱਟ ਹੁਨਰਾਂ ਵਾਲੇ ਕਿੱਤਿਆਂ ਵਿਚ ਕੰਮ ਕਰਦੇ ਆਰਜ਼ੀ ਬਦੇਸ਼ੀ ਵਰਕਰਾਂ ਲਈ ਕਾਨੂੰਨੀ ਸਿਖਿਆ, ਜਾਣਕਾਰੀ ਅਤੇ ਸੇਵਾਵਾਂ।

ਮੋਹਰੀ ਏਜੰਸੀ: **ਮੋਜ਼ੈਕ**

ਮਦਦ ਕਰਨ ਵਾਲੀਆਂ ਏਜੰਸੀਆਂ:

**ਪਨਟਿਕਟਨ ਐਂਡ ਏਰੀਆ ਵੋਮਿਨਜ਼ ਸੈਂਟਰ (ਪੀ ਏ ਡਬਲਯੂ ਸੀ);**

**ਸਾਊਥ ਓਕਨਾਗਨ ਇਮੀਗਰਾਂਟ ਐਂਡ ਕਮਿਉਨਟੀ ਸਰਿਵਿਸਜ਼ (ਐੱਸ ਓ ਆਈ ਸੀ ਐੱਸ);**

**ਇੰਟਰਕਲਚਰਲ ਐਸੋਸੀਏਸ਼ਨ ਆਫ ਗਰੇਟਰ ਵਿਕਟੋਰੀਆ (ਆਈ ਸੀ ਏ);**

**ਇਮੀਗਰਾਂਟ ਐਂਡ ਮਲਟੀਕਲਚਰਲ ਸਰਵਿਸਿਜ਼ ਸੁਸਾਇਟੀ ਆਫ ਪ੍ਰਿੰਸ ਜੌਰਜ (ਆਈ ਐੱਮ ਐੱਸ ਐੱਸ)**

ਫੰਡਾਂ ਵਿਚ ਸਹਿਯੋਗੀ:

**ਲਾਅ ਫਾਉਂਡੇਸ਼ਨ ਆਫ ਬ੍ਰਿਟਿਸ਼ ਕੋਲੰਬੀਆ**

ਵੈੱਬਸਾਈਟ:

**www.mosaicbc.com/settlement-services/legalfinancial/impowered**

**www.mosaicbc.com**

© MOSAIC, September 2010

MOSAIC

**ਆਈ ਐੱਮ. ਪੌਵਰ. ਈ ਡੀ**
ਬ੍ਰਿਟਿਸ਼ ਕੋਲੰਬੀਆ ਵਿਚਲੇ ਘੱਟ ਹੁਨਰਾਂ ਵਾਲੇ ਕਿੱਤਿਆਂ ਵਿਚ ਕੰਮ ਕਰਦੇ ਆਰਜ਼ੀ ਬਦੇਸ਼ੀ ਵਰਕਰਾਂ ਲਈ ਕਾਨੂੰਨੀ ਸਿਖਿਆ ਅਤੇ ਸੇਵਾਵਾਂ

### ਅਕਸਰ ਪੁੱਛੇ ਜਾਂਦੇ ਸਵਾਲ:

# ਆਰਜ਼ੀ ਬਦੇਸ਼ੀ ਵਰਕਰ ਤੋਂ ਕੈਨੇਡਾ ਵਿਚ ਪ੍ਰਮਾਨੈਂਟ ਰੈਜ਼ੀਡੈਂਟ ਬਣਨਾ

## ਕੈਨੇਡਾ ਵਿਚ ਪ੍ਰਮਾਨੈਂਟ ਰੈਜ਼ੀਡੈਂਟ ਬਣਨ ਦੀਆਂ ਮੇਰੀਆਂ ਕਿੰਨੀਆਂ ਕੁ ਸੰਭਾਵਨਾਵਾਂ ਹਨ?

ਕੈਨੇਡਾ ਦੇ ਆਰਜ਼ੀ ਬਦੇਸ਼ੀ ਵਰਕਰ (ਟੈਂਪਰੇਰੀ ਫੌਰਨ ਵਰਕਰ) ਪ੍ਰੋਗਰਾਮ ਵਿਚ ਅਜਿਹੀ ਕੋਈ ਧਾਰਾ ਨਹੀਂ ਹੈ ਜਿਹੜੀ ਘੱਟ ਹੁਨਰਾਂ ਵਾਲੇ ਕਿੱਤਿਆਂ ਵਿਚ ਹਿੱਸਾ ਲੈਣ ਵਾਲਿਆਂ ਨੂੰ ਪ੍ਰਮਾਨੈਂਟ ਰੈਜ਼ੀਡੈਂਸੀ (ਪੱਕੀ ਰਿਹਾਇਸ਼) ਦੀ ਆਗਿਆ ਦਿੰਦੀ ਹੋਵੇ।

ਘੱਟ ਹੁਨਰਾਂ ਵਾਲੇ ਜਿਹੜੇ ਆਰਜ਼ੀ ਵਰਕਰਾਂ ਦੇ ਵੀਜ਼ੇ ਦੀ ਮਿਆਦ ਪੁੱਗਣ ਵਾਲੀ ਹੁੰਦੀ ਹੈ, ਉਨ੍ਹਾਂ ਲਈ ਇਸ ਗੱਲ ਤੋਂ ਸੁਚੇਤ ਹੋਣਾ ਜ਼ਰੂਰੀ ਹੈ ਕਿ ਪ੍ਰਮਾਨੈਂਟ ਰੈਜ਼ੀਡੈਂਟ ਵੀਜ਼ੇ ਲਈ ਜਾਂ ਪਰਉਪਕਾਰੀ ਅਤੇ ਹਮਦਰਦੀਪੂਰਣ ਅਧਾਰ ਅਧੀਨ ਰਫਿਊਜੀ ਲਈ ਅਪਲਾਈ ਕਰਕੇ ਆਪਣੀ ਸਟੇਅ ਨੂੰ ਵਧਾਉਣ ਦੀ ਕੋਸ਼ਿਸ਼ ਦੇ ਕਾਮਯਾਬ ਹੋਣ ਦੇ ਮੌਕੇ ਬਹੁਤ ਘੱਟ ਹਨ।

ਬ੍ਰਿਟਿਸ਼ ਕੋਲੰਬੀਆ ਵਿਚ ਚੋਣਵੇਂ ਬਦੇਸ਼ੀ ਵਰਕਰਾਂ ਨੂੰ ਕੈਨੇਡਾ ਦੇ ਤਜਰਬੇ ਵਾਲੀ ਕਲਾਸ ਲਈ ਵਿਚਾਰਿਆ ਜਾ ਸਕਦਾ ਹੈ। ਇਕ ਹੋਰ ਰਾਹ ਫੈਡਰਲੀ ਸਕਿਲਡ ਵਰਕਰ ਪ੍ਰੋਗਰਾਮ ਹੈ; ਇਹ ਪਤਾ ਲਾਉਣ ਲਈ ਇਕ ਪੋਆਇੰਟਸ ਸਿਸਟਮ ਕਿ ਕੀ ਉਮੀਦਵਾਰ ਕੈਨੇਡੀਅਨ ਇਮੀਗਰੇਸ਼ਨ ਲਈ ਯੋਗ ਹਨ ਜਾਂ ਨਹੀਂ। ਪ੍ਰੌਵਿੰਸ਼ੀਅਲ (ਸੂਬਾਈ) ਨੌਮੀਨੀ ਪ੍ਰੋਗਰਾਮ ਵੀ ਹੈ; ਇਕ ਪ੍ਰਬੰਧ ਜਿਹੜਾ ਖਾਸ ਇੰਡਸਟਰੀਆਂ ਵਿਚਲੇ ਕੰਮ-ਮਾਲਕਾਂ ਦੀਆਂ ਆਰਥਿਕ ਅਤੇ ਲੇਬਰ ਲੋੜਾਂ ਦੇ ਆਧਾਰ ’ਤੇ ਬੀ ਸੀ ਨੂੰ ਯੋਗ ਇਮੀਗਰਾਂਟਾਂ ਨੂੰ ਨਾਮਜ਼ਦ ਕਰਨ ਦੀ ਆਗਿਆ ਦਿੰਦਾ ਹੈ। ਬਦਕਿਸਮਤੀ ਨਾਲ ਇਹ ਤਿੰਨੇ ਸਿਸਟਮ ਘੱਟ ਹੁਨਰਾਂ ਵਾਲੇ ਟੀ ਐੱਫ ਡਬਲਯੂਜ਼ ਨੂੰ ਪ੍ਰਮਾਨੈਂਟ ਰੈਜ਼ੀਡੈਂਸ ਲਈ ਅਸਰਦਾਰ ਤਰੀਕੇ ਵਜੋਂ ਵਿਚਾਰੇ ਜਾਣ ਲਈ ਬਹੁਤ ਹੀ ਬੰਦਸ਼ ਵਾਲੇ ਹਨ। ਕਿਸੇ ਵੀ ਸਾਲ ਲਈ ਸੂਬੇ ਵਲੋਂ ਨੌਮੀਨੀ ਦੀ ਗਿਣਤੀ ਮਿੱਥੀ ਜਾਂਦੀ ਹੈ: ਉਦਾਹਰਣ ਲਈ, ਸਾਲ 2010 ਲਈ, ਬੀ ਸੀ ਦੀ ਸਰਕਾਰ 3000 ਨੌਮੀਨੇਸ਼ਨਾਂ ਜਾਰੀ ਕਰਨ ਦੀ ਵਿਉਂਤ ਬਣਾ ਰਹੀ ਹੈ।




* ਟੂਰਿਜ਼ਮ/ਮਹਿਮਾਨ ਨਿਵਾਜ਼ੀ, ਫੂਡ ਪ੍ਰੋਸੈਸਿੰਗ ਅਤੇ ਲੰਮੇ ਰੂਟ ਦੀਆਂ ਟਰੱਕਿੰਗ ਇੰਡਸਟਰੀਆਂ ਵਿਚ ਚੋਣਵੇਂ ਕਿੱਤੇ!!! ਪ੍ਰੋਜੈਕਟ 31 ਅਗਸਤ, 2011 ਨੂੰ ਖਤਮ ਹੋ ਰਿਹਾ ਹੈ।

ਘੱਟ ਹੁਨਰਾਂ ਵਾਲੇ ਕਿੱਤਿਆਂ ਵਿਚ ਕੰਮ ਕਰਦੇ ਆਰਜ਼ੀ ਬਦੇਸ਼ੀ ਵਰਕਰ ਜਿਹੜੇ ਪ੍ਰਮਾਨੈਂਟ ਰੈਜ਼ੀਡੈਂਟ ਵੀਜ਼ੇ ਲਈ ਅਪਲਾਈ ਕਰਨ ਬਾਰੇ ਵਿਚਾਰ ਕਰ ਰਹੇ ਹਨ, ਉਨ੍ਹਾਂ ਨੂੰ ਕੈਨੇਡਾ ਦੇ ਤਜਰਬੇ ਵਾਲੀ ਕਲਾਸ, ਬ੍ਰਿਟਿਸ਼ ਕੋਲੰਬੀਆ ਪ੍ਰੌਵਿੰਸ਼ੀਅਲ ਨੌਮੀਨੀ ਪ੍ਰੋਗਰਾਮ, ਅਤੇ ਫੈਡਰਲੀ ਸਕਿਲਡ ਵਰਕਰ ਪ੍ਰੋਗਰਾਮ ਤੋਂ ਜਾਣੂ ਹੋਣਾ ਚਾਹੀਦਾ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਜਦੋਂ ਸਮਾਂ ਆਵੇ ਤਾਂ ਤੁਸੀਂ ਸਿਸਟਮ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਵੋ। ਇਹ ਸਲਾਹ ਦਿੱਤੀ ਜਾਂਦੀ ਹੈ ਕਿ ਆਪਣੇ ਵੀਜ਼ੇ ਦੀ ਮਿਆਦ ਮੁੱਕਣ ਤੋਂ ਕਾਫੀ ਸਮਾਂ ਪਹਿਲਾਂ ਤੁਸੀਂ ਆਪਣੇ ਕੇਸ ਦੇ ਖਾਸ ਵੇਰਵਿਆਂ ਬਾਰੇ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਕਿਸੇ ਸੰਸਥਾ ਨਾਲ ਸਲਾਹ-ਮਸ਼ਵਰਾ ਕਰੋ ਜਿਵੇਂ ਕਿ ਮੋਜ਼ੈਕ ਜਾਂ ਪਰਵਾਸੀ ਕਾਮਿਆਂ ਦੀ ਮਦਦ ਕਰਨ ਵਾਲਾ ਕੋਈ ਗਰੁੱਪ।

**ਬੀ ਸੀ ਪੀ ਐੱਨ ਪੀ ਵਿਚ ਰੁਜ਼ਗਾਰ ਦੇ 5 ਉਪਰਲੇ ਖੇਤਰ ਹਨ ਮਹਿਮਾਨ ਨਿਵਾਜ਼ੀ (ਹੌਸਪੀਟੈਲਿਟੀ), ਹੈਲਥ ਕੇਅਰ, ਹੁਨਰਾਂ ਵਾਲੇ ਕਿੱਤੇ, ਟੈਕਨੋਲੋਜੀ, ਅਤੇ ਪੇਸ਼ਾਵਰ ਕਾਰੋਬਾਰੀ ਸੇਵਾਵਾਂ।** ਕੈਨੇਡਾ ਵਿਚ ਤੁਹਾਡੇ ਕੰਮ ਦਾ ਤਜਰਬਾ, ਕਿਸੇ ਖਾਸ ਕਿੱਤੇ ਵਿਚ ਹੁਨਰਾਂ ਦਾ ਤੁਹਾਡਾ ਪੱਧਰ, ਤੁਹਾਡੇ ਜ਼ਬਾਨ ਦੇ ਹੁਨਰ, ਅਤੇ ਜੌਬ ਦੀ ਪੇਸ਼ਕਸ਼ ਹੋਣਾ, ਉਹ ਕੁਝ ਮੁੱਖ ਪੱਖ ਹਨ ਜਿਹੜੇ ਤੁਹਾਨੂੰ ਕੈਨੇਡਾ ਵਿਚ ਪ੍ਰਮਾਨੈਂਟ ਰੈਜ਼ੀਡੈਂਸ ਲਈ ਸ਼ਰਤਾਂ ਪੂਰੀਆਂ ਕਰਨ ਦੇ ਸਹੀ ਰਾਹ ’ਤੇ ਪਾਉਣ ਲਈ ਬਹੁਤ ਲੋੜੀਂਦਾ ਲਾਭ ਦੇ ਸਕਦੇ ਹਨ।

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ:

**ਆਈ ਐੱਮ. ਪੌਵਰ. ਈ ਡੀ**

ਬੀ.ਸੀ. ਵਿਚ ਆਰਜ਼ੀ ਬਦੇਸ਼ੀ ਵਰਕਰਾਂ ਲਈ ਪ੍ਰੋਗਰਾਮ ਅਤੇ ਸੇਵਾਵਾਂ

ਮੋਜ਼ੈਕ

MOSAIC
1720 Grant Street,
Vancouver, BC V5L 2Y7
ਫੋਨ: 604 254 9626
ਫੈਕਸ: 604 254 3932